# ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ, ਪੰਜਾਬ

**ਪੰਜਵੀਂ ਮੰਜ਼ਿਲ, ਵਿੱਦਿਆ ਭਵਨ, ਈ-ਬਲਾਕ, ਫੇਜ਼-8, ਐਸ.ਏ.ਐਸ.ਨਗਰ। ਫੋਨ: 0172-5212348**


ਵੱਲ,

1) ਡੀ.ਪੀ.ਆਈ. (ਸੈ.ਸਿੱ/ਐ.ਸਿੱ)
   ਪੰਜਾਬ, ਐਸ.ਏ.ਐਸ. ਨਗਰ।
2) ਸਮੂਹ ਜਿਲ੍ਹਾ ਸਿੱਖਿਆ ਅਫਸਰ(ਐ.ਸਿੱ./ਸੈ.ਸਿੱ.),
   ਪੰਜਾਬ।
3) ਸਮੂਹ ਸਕੂਲ ਮੁੱਖੀ (ਸਰਕਾਰੀ ਪ੍ਰਾਇਰਮੀ, ਮਿਡਲ, ਹਾਈ ਅਤੇ ਸੀਨੀ. ਸੈਕੰ ਸਕੂਲ,
   ਪੰਜਾਬ)।

**ਮੀਮੋਂ ਨੰ: ਸਿਵਲ ਵਰਕਸ/2014/5555**
**ਮਿਤੀ: ਅਜੀਤਗੜ੍ਹ, 04/11/2014**

**ਵਿਸ਼ਾ: ਸਵੱਛ ਭਾਰਤ ਮਿਸ਼ਨ ਅਧੀਨ ਮਿਤੀ 14-19 ਨਵੰਬਰ 2014 ਤੱਕ ਬਾਲ ਸਵੱਛਤਾ ਮਿਸ਼ਨ ਅਰੰਭ ਕਰਨ ਸਬੰਧੀ।**

ਮਾਨਯੋਗ ਪ੍ਰਧਾਨ ਮੰਤਰੀ ਜਾ ਵਲੋਂ 2 ਅਕਤੂਬਰ, 2014 ਤੋਂ ਰਾਸ਼ਟਰੀ ਪੱਧਰ ਤੇ ਸਵੱਛ ਭਾਰਤ ਅਭਿਆਨ ਦੀ ਸ਼ੁਰੂਆਤ ਕੀਤੀ ਗਈ ਹੈ ਜਿਸ ਤੇ ਤਹਿਤ ਸ਼ਹਿਰੀ ਅਤੇ ਪੇਂਡੂ ਇਲਾਕਿਆਂ ਕੰਮ ਕਾਜ ਦੇ ਸਥਾਨਾਂ, ਜਨਤਕ ਥਾਵਾਂ, ਘਰਾਂ ਅਤੇ ਆਲੇ ਦੁਆਲੇ ਵਿੱਚ ਸਾਫ-ਸਫਾਈ ਰੱਖਣ ਸਬੰਧੀ ਜਾਗਰੂਕਤਾ ਫੈਲਾਈ ਜਾਣੀ ਹੈ। ਇਸ ਕਾਰਜ ਦੀ ਪੂਰਣ ਪ੍ਰਾਪਤੀ ਹਿੱਤ ਮਾਨਯੋਗ ਪ੍ਰਧਾਨ ਮੰਤਰੀ ਜੀ ਵਲੋਂ ਹਰੇਕ ਨਾਗਰਿਕ ਨੂੰ ਆਪੋ-ਆਪਣਾ ਯੋਗਦਾਨ ਪਾਉਣ ਦੀ ਅਪੀਲ ਕੀਤੀ ਗਈ ਹੈ।

ਇਸ ਮਿਸ਼ਨ ਦੀ ਕਾਮਯਾਬੀ ਵਿੱਚ ਬੱਚੇ ਵੀ ਆਪਣੀ ਬਹੁਤ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ। ਜੇਕਰ ਬੱਚਿਆਂ ਨੂੰ ਆਪਣਾ ਘਰ, ਸਕੂਲ ਅਤੇ ਆਲਾ-ਦੁਆਲਾ ਸਾਫ ਰੱਖਣ ਲਈ ਪ੍ਰੇਰਿਤ ਕੀਤਾ ਜਾਵੇ ਅਤੇ ਸਫਾਈ ਰੱਖਣ ਸਬੰਧੀ ਸਹੀ ਦਿਸ਼ਾ-ਨਿਰਦੇਸ਼ ਦਿੱਤੇ ਜਾਣ ਤਾਂ ਉਹ ਆਪਣੇ ਘਰਾਂ ਅਤੇ ਸਮਾਜ ਵਿੱਚ ਸਫਾਈ ਮੁਹਿੰਮ ਦੇ ਦੂਤ ਸਾਬਿਤ ਹੋ ਸਕਦੇ ਹਨ। ਇਸ ਸੰਦਰਭ ਵਿੱਚ ਮਿਤੀ 14 ਨਵੰਬਰ, 2014, ਬਾਲ ਦਿਵਸ ਤੇ ਮੌਕੇ ਤੇ 'ਬਾਲ ਸਵੱਛਤਾ ਮਿਸ਼ਨ' ਸ਼ੁਰੂ ਕਰਨ ਦਾ ਫੈਸਲਾ ਲਿਆ ਗਿਆ ਹੈ। ਜਿਸ ਤਰਾਂ ਪਿਛਲੇ ਦਿਨੀਂ ਰਾਜ ਤੇ ਸਮੂਹ ਸਕੂਲਾਂ ਵਿੱਚ 'ਸੋਹਣਾ ਸਕੂਲ ਮੁਹਿੰਮ' ਚਲਾਈ ਗਈ ਅਤੇ ਬੱਚਿਆਂ ਵਲੋਂ ਸਕੂਲਾਂ ਵਿੱਚ ਸਾਫ-ਸਫਾਈ ਦੇ ਨਾਲ ਨਾਲ ਸਫਾਈ ਸਬੰਧੀ ਲੇਖ, ਪੇਟਿੰਗ, ਬਹਿਸ-ਮੁਬਾਸੇ ਆਦਿ ਕੀਰੀਆਂਵਾਂ ਵਿੱਚ ਜ਼ੋਰ-ਸ਼ੋਰ ਨਾਲ ਭਾਗ ਲਿਆ ਉਹ ਬਹੁਤ ਹੀ ਸਲਾਘਾ-ਯੋਗ ਮੁਹਿੰਮ ਸਾਬਿਤ ਹੋਈ ਹੈ।

ਇਸ ਮੁਹਿੰਮ ਨੂੰ ਹੋਰ ਅੱਗੇ ਵਧਾਉਂਦਿਆਂ 'ਬਾਲ ਸਵੱਛਤਾ ਮਿਸ਼ਨ' ਤਹਿਤ ਹੇਠ ਅਨੁਸਾਰ 6 ਮੁੱਖ ਕਾਰਜ ਕੀਤੇ ਜਾਣਗੇ:-

1. ਸਕੂਲਾਂ ਅਤੇ ਆਂਗਣਵਾੜੀਆਂ ਦੀ ਸਫਾਈ
2. ਆਲੇ-ਦੁਆਲੇ ਦੀ ਸਫਾਈ (ਜਿਵੇਂ ਕਿ ਖੇਡ ਦਾ ਮੈਦਾਨ)
3. ਸਵੈ-ਸਵੱਛਤਾ (ਨਿੱਜੀ ਸਫਾਈ/ਬਾਲ ਸਿਹਤ)
4. ਸਵੱਛ ਖਾਣਾ
5. ਸਵੱਛ ਅਤੇ ਪੀਣਯੋਗ ਪਾਣੀ
6. ਸਾਫ-ਸੁਥਰੇ ਪਖਾਨੇ

ਇਸ ਮਿਸ਼ਨ ਤਹਿਤ ਸਕੂਲਾਂ ਵਿੱਚ ਮਿਤੀ 14-19 ਨਵੰਬਰ, 2014 (6 ਦਿਨ) ਉਕਤ ਦਰਸਾਏ ਕਾਰਜ ਕਰਵਾਉਣ ਲਈ ਬੱਚਿਆਂ ਨੂੰ ਅਗਵਾਈ ਦਿੱਤੀ ਜਾਵੇ। ਹਰੇਕ ਕਾਰਜ ਨਾਲ ਸਬੰਧਤ ਕਿਰਿਆਵਾਂ ਉਸ ਦਿਨ ਅਨੁਸਾਰ ਸੰਗਠਿਤ ਕਰਕੇ ਪੂਰੇ ਹਫਤੇ ਦੌਰਾਨ ਕਰਵਾਇਆਂ ਜਾਣ ਤਾਂ ਜੋ ਬੱਚਿਆਂ ਨੂੰ ਸਵੱਛਤਾ ਸਬੰਧੀ ਜਾਣਕਾਰੀ ਦੇ ਨਾਲ ਨਾਲ ਉਹ ਸਵੱਛਤਾ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਣ।

ਇਹ ਹਫਤਾ ਮਿਤੀ 19 ਅਵੰਬਰ, 2014 ਨੂੰ 'ਵਰਲਡ ਟੁਆਇਲਟ ਡੇ' ਦੇ ਦਿਨ ਖ਼ਤਮ ਕੀਤਾ ਜਾਵੇਗਾ ਤਾਂ ਜੋ Open Defeacation ਨੂੰ ਰੋਕਣ ਲਈ ਇੱਕ ਸੰਦੇਸ਼ ਸਭਨਾ ਤਾਈਂ ਪਹੁੰਚਾਇਆ ਜਾ ਸਕੇ।

ਇਸ ਮੌਕੇ ਬੱਚਿਆਂ ਨੂੰ ਇੱਕ ਸੌਂਹ ਚੁਕਾਈ ਜਾਵੇਗੀ ਜਿਸ ਦੀ ਕਾਪੀ ਜਲਦ ਹੀ ਵੈਬ-ਸਾਇਟ ਉੱਤੇ ਉਪਲੱਬਧ ਕਰਵਾਈ ਜਾਵੇਗੀ।

ਆਪ ਨੂੰ ਸਮੂਹ ਜ਼ਿਲਿਆਂ ਅਤੇ ਸਕੂਲਾਂ ਵਿੱਚ ਬਾਲ ਸਵੱਛਤਾ ਮਿਸ਼ਨ ਅਰੰਭਣ ਅਤੇ ਦਿੱਤੇ ਗਏ ਕਾਰਜ ਕਰਵਾਉਣ ਦੇ ਨਾਲ ਨਾਲ ਇਸ ਮੁਹਿੰਮ ਦੇ ਵੱਧ ਤੋਂ ਵੱਧ ਪ੍ਰਚਾਰ ਅਤੇ ਭਾਗ ਲੈਣ ਲਈ ਲਿਖਿਆ ਜਾਂਦਾ ਹੈ। ਇਸ ਮੁਹਿੰਮ ਦੀ ਪੂਰੀ ਰਿਪੋਰਟ ਇਸ ਦਫਤਰ ਦੇ ਇੰਸਪੇਕਸ਼ਨ ਸੈੱਲ ਨੂੰ ਭੇਜੀ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਸਰਵ ਸਿੱਖਿਆ ਅਭਿਆਨ, ਪੰਜਾਬ**